ੴ ਸਤਿਗੁਰ ਪ੍ਰਸਾਦਿ

# ਸ੍ਰੀ ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ ਮੈਲਬਰਨ

# Sri Guru Granth Sahib Institute Melbourne

A Division of Sikh Community of Western Victoria Inc. Reg No – A0038639J , ABN – 97 090 225 458

ਗੁਰੂਦੁਆਰਾ ਸਾਹਿਬ ਟਾਰਨੇਟ ਦੀ ਸੇਵਾ ਹੇਤ, ੫੬੦ ਡੇਵਿਸ ਰੋਡ (ਕੌਰਨਰ ਡੌਹਰਟੀ ਰੋਡ) ਟਾਰਨੇਟ, ਵਿਕਟੋਰੀਆ – ੩੦੨੯ ਫੋਨ: +੩ ੯੭੪੮ ੧੪੪੮ / In Service of Gurudwara Sahib Tarneit, 560 Davis Road (Corner of Doherty's Road) Tarneit, Victoria – 3029 Phone: +3 9748 1448 Email: secretary@scwv.org

## ਗੁਰਦੁਆਰਾ ਸਾਹਿਬ ਟਾਰਨੇਟ ਮੈਲਬਰਨ ਵਿਖੇ ਜਪੁ ਜੀ ਸਾਹਿਬ ਅਤੇ ਸੁਖਮਨੀ ਸਾਹਿਬ ਪਾਠ–ਬੋਧ ਸਮਾਗਮ

**19 ਜਨਵਰੀ ਤੋਂ 16 ਫਰਵਰੀ 2014**

| | | | |
|---|---|---|---|
| ੧. | ਜਪੁ ਜੀ ਸਾਹਿਬ ਪਾਠ–ਬੋਧ | ਐਤਵਾਰ 19-01-2014 ਦੁਪਹਿਰ 11:30 ਤੋਂ 1:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੨. | ਵਿਸ਼ਾ :– ਕੇਸ, ਦਸਤਾਰ | ਵੀਰਵਾਰ 23-01-2014 ਸ਼ਾਮ 7:30 ਤੋਂ 8:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੩. | ਸੁਖਮਨੀ ਸਾਹਿਬ ੧ ਤੋਂ ੧੨ ਸਲੋਕ, ਅਸ਼ਟਪਦੀਆਂ ਪਾਠ–ਬੋਧ | ਐਤਵਾਰ 26-01-2014 ਦੁਪਹਿਰ 11:30 ਤੋਂ 1:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੪. | ਵਿਸ਼ਾ :– ਅੰਮ੍ਰਿਤ ਜਾਂ ਖੰਡੇ ਕੀ ਪਾਹੁਲ | ਵੀਰਵਾਰ 30-01-2014 ਸ਼ਾਮ 7:30 ਤੋਂ 8:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੫. | ਸੁਖਮਨੀ ਸਾਹਿਬ ੧੨ ਤੋਂ ੨੪ ਸਲੋਕ, ਅਸ਼ਟਪਦੀਆਂ ਪਾਠ—ਬੋਧ | ਐਤਵਾਰ 02-02-2014 ਦੁਪਹਿਰ 11:30 ਤੋਂ 1:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੬. | ਵਿਸ਼ਾ :– ਦਰਬਾਰ ਸਾਹਿਬ ਦਾ ਸਿਧਾਂਤ, ਇਤਿਹਾਸ ਅਤੇ ਮਹੱਤਤਾ | ਵੀਰਵਾਰ 13-02-2014 ਸ਼ਾਮ 7:30 ਤੋਂ 8:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |
| ੭. | ਵਿਸ਼ਾ :– ਅਕਾਲ ਤਖਤ ਸਾਹਿਬ ਦਾ ਸਿਧਾਂਤ, ਇਤਿਹਾਸ ਅਤੇ ਮਹੱਤਤਾ | ਐਤਵਾਰ 16-02-2014 ਦੁਪਹਿਰ 11:30 ਤੋਂ 1:30 ਵਜੇ | ਗੁਰਦੁਆਰਾ ਸਾਹਿਬ ਟਾਰਨੇਟ |

**ਵਿਸ਼ੇਸ਼ ਵਿਚਾਰ: ਭੰਗਰਨਾਥ ਦਾ ਗੁਰੂ ਨਾਨਕ ਸਾਹਿਬ ਨੂੰ ਸਵਾਲ – ਭੇਖ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ ॥??**

## ‘ਜਪੁ ਜੀ ਸਾਹਿਬ ਅਤੇ ਸੁਖਮਨੀ ਸਾਹਿਬ ਪਾਠ–ਬੋਧ ਸਮਾਗਮਾਂ’ ਦੇ ਰੂਪ ਵਿੱਚ ਗੁਰਬਾਣੀ ਦੇ ਸ਼ੁੱਧ ਉਚਾਰਣ ਸੰਥਿਆ ਪਾਠ ਦੀ ਲਹਿਰ



ਮੈਲਬਰਨ, 11 ਜਨਵਰੀ 2014 (ਗਿਆਨੀ ਬਲਵਿੰਦਰ ਸਿੰਘ ਖ਼ਾਲਸਾ—ਪ੍ਰਚਾਰ ਸਕੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ ਮੈਲਬਰਨ) ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜਾਚਕ ਜੀ ਨੇ ਪੰਥ–ਦਰਦੀ ਸਜਣਾਂ ਦੇ ਸਹਿਯੋਗ ਨਾਲ ਕਨੇਡਾ ਤੇ ਅਮਰੀਕਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ ਮੈਲਬਰਨ ਵਲੋਂ ‘ਗੁਰਬਾਣੀ ਦਰਪਣ’ ਪ੍ਰੋਜੈਕਟ ਦੇ ਅਧੀਨ ਵਿਸ਼ੇਸ਼ ਤੌਰ ’ਤੇ ਤਿਆਰ ਕਰਵਾਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵੱਲੋਂ ਰੀਲੀਜ਼ ਕੀਤੀ ਗਈ ‘ਜਪੁ ਜੀ ਸਾਹਿਬ ਅਤੇ ਸੁਖਮਨੀ ਸਾਹਿਬ ਜੀ ਦੇ ਸ਼ੁਧ–ਉਚਾਰਨ ਸੰਥਿਆ ਪਾਠ’ ਦੀ ਵੀਡੀਓ ’ਤੇ ਅਧਾਰਿਤ ਜਪੁ ਜੀ ਸਾਹਿਬ ਅਤੇ ਸੁਖਮਨੀ ਸਾਹਿਬ ਪਾਠ–ਬੋਧ ਸਮਾਗਮਾਂ ਦੀ ਇੱਕ ਲਹਿਰ ਖੜੀ ਕਰ ਦਿੱਤੀ ਹੈ। ਇਸ ਲੜੀ ਵਿੱਚ ਪਹਿਲਾ ਸਮਾਗਮ 12 ਮਈ 2013 ਐਤਵਾਰ ਨੂੰ ‘ਕਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ’ ਦੇ ਪ੍ਰਚਾਰ ਕੇਂਦਰ ਵਿੱਚ ਹੋਇਆ। ਦੂਜਾ ਸਮਾਗਮ 14 ਮਈ 2013 ਮੰਗਲਵਾਰ ਨੂੰ ਵੈਨਕੂਵਰ ਦੇ ਪਹਿਲੇ ਤੇ ਇਤਿਹਾਸਕ ਅਸਥਾਨ ਗੁਰਦੁਆਰਾ ਖ਼ਾਲਸਾ ਦੀਵਾਨ ਰੌਸ ਸਟਰੀਟ ਅਤੇ ਤੀਜਾ ਸਮਾਗਮ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ ਵਿਖੇ ਹੋਇਆ। ਅਗਲੇ ਸਮਾਗਮ ਮੈਲਬਰਨ, ਸਿਡਨੀ, ਨਿਊਯਾਰਕ, ਕਲੀਵਲੈਂਡ, ਕੈਲੇਫੋਰਨੀਆਂ, ਇੰਗਲੈਂਡ ਤੇ ਟਰਾਂਟੋ ਵਿੱਚ ਹੋਣਗੇ। ਮੈਲਬਰਨ ਵਿੱਖੇ ਸਮਾਗਮਾਂ ਦਾ ਵੇਰਵਾ ਉਪਰ ਦਿਤਾ ਗਿਆ ਹੈ।

ਜਿਵੇਂ ਗੁਰਬਾਣੀ ਪਾਠ–ਬੋਧ ਕਰਾਉਣ ਲਈ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਪ੍ਰੋ. ਸਾਹਿਬ ਸਿੰਘ ਜੀ, ਗਿਆਨੀ ਜੋਗਿੰਦਰ ਸਿੰਘ ਜੀ ਤਲਵਾੜਾ, ਗਿਆਨੀ ਹਰਿਬੰਸ ਸਿੰਘ ਜੀ ਪਟਿਆਲਾ ਅਤੇ ਅਮਰੀਕਾ ਨਿਵਾਸੀ ਡਾ. ਕੁਲਬੀਰ ਸਿੰਘ ਥਿੰਦ ਤੇ ਡਾ. ਓਅੰਕਾਰ ਸਿੰਘ ਵਰਗੇ ਵਿਦਵਾਨ ਸੱਜਣਾਂ ਨੇ ਗੁਰਬਾਣੀ ਦੇ ਟੀਕਿਆਂ ਤੇ ਹੋਰ ਲਿਖਤਾਂ ਵਿੱਚ ਗੁਰਬਾਣੀ ਦੀਆਂ ਤੁਕਾਂ ਦਰਮਿਆਨ ਵਿਸ਼ਰਾਮ ਚਿੰਨ ਲਗਾਏ ਹਨ। ਤਿਵੇਂ ਹੀ ਪਾਠਕਾਂ ਤੇ ਸ੍ਰੋਤਿਆਂ ਦੀ ਸਹੂਲਤ ਲਈ ਗੁਰਬਾਣੀ ਦੀਆਂ ਤੁਕਾਂ ਵਿੱਚਕਾਰ ਵਾਕ–ਵੰਡ ਲਈ ਵਿਸ਼ਰਾਮ ਲਗਾ ਦਿੱਤੇ ਗਏ ਹਨ, ਜਿਨ੍ਹਾਂ ਨੂੰ ਦਰਸ਼ਕ ਸਕਰੀਨ ’ਤੇ ਦੇਖ ਸਕਣਗੇ। ਇਸ ਢੰਗ ਨਾਲ ਤੁਕਾਂ ਲਿਖਣ ਦਾ ਵਿਸ਼ੇਸ਼ ਲਾਭ ਇਹ ਹੋਵੇਗਾ ਕੇ ਸੰਥਿਆ ਪਾਠ ਤੇ ਸ਼ਬਦ ਵੀਚਾਰ ਸੁਣਨ ਵੇਲੇ ਦਰਸ਼ਕ ਗੁਰਬਾਣੀ ਦਾ ਪਾਠ ਵੀ ਕਰਨਗੇ। ਇਸ ਤਰ੍ਹਾਂ ਉਨ੍ਹਾਂ ਪਾਠਕਾਂ ਦੀ ਸਹੂਲਤ ਲਈ ਹਰੇਕ ਤੁਕ ਨਾਲ ਅੰਗ (ਪੰਨਾ ਨੰਬਰ) ਵੀ ਲਿਖਿਆ ਦਿਸੇਗਾ। ਇਹ ਪਾਠ ਨਾ ਸਿਰਫ ਖਾਲਸਾ ਪੰਥ ਦੇ ਮਹਾਨ ਵਿਦਵਾਨਾਂ ਦੇ ਗੁਰਬਾਣੀ ਨੂੰ ਪੜ੍ਹਣ ਸਮਝਣ ਲਈ ਸੁਝਾਏ ਨਿਯਮਾਂ ਤੇ ਅਧਾਰਿਤ ਹੈ ਬਲਕਿ ਪਿਛਲੇ 35 ਸਾਲਾਂ ਵਿੱਚ ਭਾਰਤ ਵਿੱਚ ਹੋਏ 40 ਪਾਠ–ਬੋਧ ਸਮਾਗਮਾਂ ਦਾ ਸਾਰ ਤੱਤ ਹੈ ਅਤੇ ਵੱਖ ਵੱਖ ਵਿਦਵਾਨਾਂ ਦੀ ਸਲਾਹ ਨਾਲ ਕੀਤਾ ਜਾ ਰਿਹਾ ਹੈ ਅਤੇ ਸਭ ਤੋਂ ਵੱਡੀ ਗੱਲ ਕਿ, ਖਾਲਸਾ ਪੰਥ ਦੀ ਸੰਸਾਰ ਜੁਗਤ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰੀਲੀਜ਼ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਮੁਖ ਗ੍ਰੰਥੀ ਗਿਆਨੀ ਮੱਲ ਸਿੰਘ ਜੀ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਪ੍ਰੋ: ਮਨਜੀਤ ਸਿੰਘ ਵੀ ਇਸ ਕਾਰਜ ਦੀ ਸ਼ਲਾਘਾ ਕਰ ਚੁੱਕੇ ਹਨ।

ਸਾਰੀ ਗੁਰਬਾਣੀ ਇੱਕੋ ਜੇਹੀ ਅੰਮ੍ਰਿਤ ਨਾਮ ਦੀ ਮਿਠਾਸ ਰਖਦੀ ਹੈ। ਸੁਖਮਨੀ ਸਾਹਿਬ ਦਾ ਮਹਾਤਮ ਕਿਸੇ ਬਾਣੀ ਨਾਲੋਂ ਵੱਧ ਨਹੀਂ ਤੇ ਕਿਸੇ ਨਾਲੋਂ ਘਟ ਨਹੀਂ। ਨਾ ਤਾਂ ਸੁਖਮਨੀ ਸਾਹਿਬ ਜੀ ਦੇ 24000 ਅੱਖਰ ਹਨ ਅਤੇ ਨਾ ਹੀ ਹਰੇਕ ਵਿਅਕਤੀ ਦਿਨ ਰਾਤ ਦੇ 24 ਘੰਟਿਆਂ ਵਿੱਚ 24000 ਸਵਾਸ ਲੈਂਦਾ ਹੈ। ਅਜਿਹੇ ਕਥਨ ਬਨਾਰਸੀ ਠੱਗਾਂ ਦੀਆਂ ਕੂੜੀਆਂ ਗੱਪਾਂ ਹਨ, ਜਿਹੜੇ ਸਿੱਖੀ ਪਹਿਰਾਵੇ ਵਿੱਚ ਸ਼ਰਧਾਲੂ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ। “ਗੁਰਬਾਣੀ ਦਰਪਣ” ਪ੍ਰੋਜੈਕਟ ਦੇ ਡਾਇਰੈਕਟਰ ਗਿਆਨੀ ਜਗਤਾਰ ਸਿੰਘ ਜੀ ਜਾਚਕ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਆਨਰੇਰੀ ਅੰਤਰਾ–ਸ਼ਟਰੀ ਸਿੱਖ ਪ੍ਰਚਾਰਕ ਐਸ.ਜੀ.ਪੀ.ਸੀ. ਅੰਮ੍ਰਿਤਸਰ ਉਚੇਚੇ ਤੌਰ ਤੇ ਹਾਜ਼ਰੀ ਭਰਨਗੇ।

ਜਿਨਾਂ ਗੁਰਸਿੱਖਾਂ ਗੁਰਬਾਣੀ ਨੂੰ ਪੜਿਆ, ਗਾਵਿਆ, ਕਮਾਵਿਆ ਅਤੇ ਗੁਰਬਾਣੀ ਬਣ ਗਏ; ਤਿਨਾਂ ਮਹਾਨ ਗੁਰਸਿੱਖਾਂ ਦੀ ਸੇਵਾ ਹੇਤਿ।

ਮਨਜੀਤ ਸਿੰਘ ਸਿੱਧੂ – 0411124120 ਅਰਵਿੰਦਰ ਸਿੰਘ – 0433672033 ਬਲਵਿੰਦਰ ਸਿੰਘ ਮਾਨ – 0419321206 ਹਰਦੀਪ ਸਿੰਘ ਲੋਹਾਖੇੜਾ–040723972 ਹਰਦੇਵ ਸਿੰਘ ਗੁਰਮ – 0430065516 ਬੂਟਾ ਸਿੰਘ ਸਿੱਧੂ—0423933798

ਇਸ ਕਾਰਜ ਦੀ ਪ੍ਰਬੰਧਕੀ ਜਾਣਕਾਰੀ ਲਈ ਹੇਠ ਲਿਖੇ ਤੇ ਸਪੰਰਕ ਕੀਤਾ ਜਾ ਸਕਦਾ ਹੈ।

ਬੂਟਾ ਸਿੰਘ ਸਿੱਧੂ—0423933798

ਫੋਨ ਅਤੇ ਈਮੇਲ ਰਾਹੀ ਸੁਝਾਅ ਵਾਸਤੇ ਸੰਪਰਕ ਕਰੋ ਜੀ।
ਜਾਰੀ ਕਰਤਾ: ਸੈਕਟਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ ਮੈਲਬਰਨ, ਟਾਰਨੇਟ
੫੬੦, ਡੇਵਿਸ ਰੋਡ (ਕੌਰਨਰ ਡੌਹਰਟੀ ਰੋਡ), ਟਾਰਨੇਟ, ਵਿਕਟੋਰੀਆ – ੩੦੨੯
ਫੋਨ : +੩ ੯੭੪੮ ੧੪੪੮ ਮੋਬਾਈਲ: +੬੧ ੪੮੧ ੨੦੧ ੭੪੧ ਈ–ਮੇਲ: secretary_ggsim@scwv.org

Please send Suggestions By Phone and Email.
Issued By: Secretary, Sri Guru Granth Sahib Institute Melbourne, Tarneit.
560, Davis Road (Corner of Doherty's Road), Tarneit, Victoria – 3029.
Phone: +3 9748 1448 Mobile: +61 481 201 741 Email: secretary_ggsim@scwv.org